ਲਿੰਕਟੇਸਟਾਈਨ ਦੇ ਮਹਾਮਹਿਮ ਪ੍ਰਿੰਸ ਅਲੋਇਸ ਦੀ ਭਾਰਤ ਦੀ ਰਾਜਕੀ ਯਾਤਰਾ (25-28 ਅਕਤੂਬਰ, 2026)

ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਦੇ ਸੱਦੇ 'ਤੇ, ਲਿੰਕਟੇਸਟਾਈਨ ਰਿਆਸਤ ਦੇ ਕਾਰਜਕਾਰੀ ਰਾਸ਼ਟਰ ਮੁਖੀ ਮਹਾਮਹਿਮ ਪ੍ਰਿੰਸ ਅਲੋਇਸ 25-28 ਅਕਤੂਬਰ 2026 ਤੱਕ ਭਾਰਤ ਦੀ ਰਾਜਕੀ ਯਾਤਰਾ ਕਰਨਗੇ। ਉਨ੍ਹਾਂ ਦੇ ਨਾਲ ਉਨ੍ਹਾਂ ਦੀ ਪਤਨੀ ਮਹਾਮਹਿਮ ਪ੍ਰਿੰਸੇਸ ਸੋਫੀ ਅਤੇ ਇੱਕ ਉੱਚ ਪੱਧਰੀ ਅਧਿਕਾਰਤ ਵਫ਼ਦ ਦੇ ਨਾਲ-ਨਾਲ ਚੋਟੀ ਦੇ ਉਦਯੋਗਿਕ ਆਗੂਆਂ ਦਾ ਇੱਕ ਵਪਾਰਕ ਵਫ਼ਦ ਵੀ ਹੋਵੇਗਾ।

2.ਇਹ ਪ੍ਰਿੰਸ ਅਲੋਇਸ ਦੀ 2026 ਵਿੱਚ ਭਾਰਤ ਦੀ ਦੂਜੀ ਯਾਤਰਾ ਹੈ। ਉਹ ਇਸ ਤੋਂ ਪਹਿਲਾਂ ਫਰਵਰੀ 2026 ਵਿੱਚ ਏਆਈ ਪ੍ਰਭਾਵ ਸਿਖਰ ਸੰਮੇਲਨ ਵਿੱਚ ਹਿੱਸਾ ਲੈਣ ਲਈ ਨਵੀਂ ਦਿੱਲੀ ਆਏ ਸਨ। ਉਨ੍ਹਾਂ ਨੇ ਇਸ ਤੋਂ ਪਹਿਲਾਂ 2010 ਅਤੇ 2018 ਵਿੱਚ ਭਾਰਤ ਦਾ ਦੌਰਾ ਕੀਤਾ ਸੀ।

3. ਇਸ ਦੌਰੇ ਦੌਰਾਨ, ਪ੍ਰਧਾਨ ਮੰਤਰੀ ਮੋਦੀ ਅਤੇ ਮਹਾਮਹਿਮ ਪ੍ਰਿੰਸ ਅਲੋਇਸ ਵਪਾਰ ਅਤੇ ਨਿਵੇਸ਼, ਵਿਗਿਆਨ, ਤਕਨਾਲੋਜੀ ਅਤੇ ਨਵੀਨਤਾ ਅਤੇ ਲੋਕਾਂ ਵਿਚਕਾਰਲੇ ਆਪਸੀ ਸੰਪਰਕ ਸਮੇਤ ਵੱਖ-ਵੱਖ ਖੇਤਰਾਂ ਵਿੱਚ ਸਹਿਯੋਗ 'ਤੇ ਚਰਚਾ ਕਰਨ ਲਈ ਦੁਵੱਲੀ ਬੈਠਕ ਕਰਨਗੇ ਅਤੇ ਖੇਤਰੀ ਅਤੇ ਵਿਸ਼ਵ-ਵਿਆਪੀ ਘਟਨਾਕ੍ਰਮਾਂ 'ਤੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰਨਗੇ।

4. ਮਹਾਮਹਿਮ ਪ੍ਰਿੰਸ ਅਲੋਇਸ ਮਾਨਯੋਗ ਰਾਸ਼ਟਰਪਤੀ ਸ਼੍ਰੀਮਤੀ ਦ੍ਰੌਪਦੀ ਮੁਰਮੂ ਨਾਲ ਮੁਲਾਕਾਤ ਕਰਨਗੇ, ਜੋ ਉਨ੍ਹਾਂ ਦੇ ਸਨਮਾਨ ਵਿੱਚ ਇੱਕ ਅਧਿਕਾਰਤ ਭੋਜ ਦੀ ਮੇਜ਼ਬਾਨੀ ਵੀ ਕਰਨਗੇ। ਵਿਦੇਸ਼ ਮੰਤਰੀ ਡਾ. ਐਸ ਜੈਸ਼ੰਕਰ ਵੀ ਮਹਾਮਹਿਮ ਪ੍ਰਿੰਸ ਅਲੋਇਸ ਨਾਲ ਮੁਲਾਕਾਤ ਕਰਨਗੇ।

5.ਇਸ ਦੌਰੇ ਨਾਲ ਭਾਰਤ ਅਤੇ ਲਿੰਕਟੇਸਟਾਈਨ ਵਿਚਕਾਰ ਵਧ ਰਹੇ ਸੰਬੰਧਾਂ ਨੂੰ ਹੋਰ ਹੁਲਾਰਾ ਮਿਲਣ ਦੀ ਉਮੀਦ ਹੈ, ਖਾਸ ਕਰਕੇ ਸਾਲ 2025 ਵਿੱਚ ਭਾਰਤ-ਈਐਫਟੀਏ ਵਪਾਰ ਅਤੇ ਆਰਥਿਕ ਸਾਂਝੇਦਾਰੀ ਸਮਝੌਤੇ ਦੇ ਲਾਗੂ ਹੋਣ ਤੋਂ ਬਾਅਦ।

6. ਇਹ ਦੌਰਾ ਭਾਰਤ ਅਤੇ ਲਿੰਕਟੇਸਟਾਈਨ ਵਿਚਕਾਰ ਦੋਸਤਾਨਾ ਸੰਬੰਧਾਂ ਨੂੰ ਹੋਰ ਮਜ਼ਬੂਤ ਕਰਨ ਅਤੇ ਆਪਸੀ ਹਿੱਤਾਂ ਵਾਲੇ ਨਵੇਂ ਖੇਤਰਾਂ ਵਿੱਚ ਸਾਂਝੇਦਾਰੀ ਬਣਾਉਣ ਦਾ ਮੌਕਾ ਪ੍ਰਦਾਨ ਕਰੇਗਾ।

ਨਵੀਂ ਦਿੱਲੀ

24 ਅਕਤੂਬਰ, 2026